ਬੱਚਿਆਂ ਦੀ ਸਾਲਾਨਾ ਇਮਤਿਹਾਨਾਂ 'ਚ ਸਫ਼ਲਤਾ ਲਈ ਸਕੂਲ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਅਹਿਮਦਗੜ੍ਹ, 22 ਫਰਵਰੀ (ਸੁਖਜੀਤ ਖੇੜਾ, ਰੂਪੀ ਰਛੀਨ)- ਸ਼ਹਿਰ ਦੀ ਨਾਮਵਰ ਵਿਦਿਅਕ ਸੰਸਥਾ ਗੁਰੂ ਹਰਗੋਬਿੰਦ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬਹਾਦਰਗੜ੍ਹ ਵਿਖੇ ਹਰ ਸਾਲ ਦੀ ਤਰ੍ਹਾਂ ਬੱਚਿਆਂ ਦੇ ਸਾਲਾਨਾ ਇਮਤਿਹਾਨਾਂ ਦੀ ਸਫਲਤਾ ਲਈ ਪ੍ਰਮਾਤਮਾ ਦਾ ਉਟ ਆਸਰਾ ਲੈਂਦੇ ਹੋਏ ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਪਾਏ ਗਏ। ਭੋਗ ਤੋਂ ਉਪਰੰਤ ਇਲਾਕੇ ਦੇ ਨਾਮਵਰ ਕੀਰਤਨੀ ਜਥੇ ਬੀਬੀ ਮਨਜੀਤ ਕੌਰ ਘੁਲਾਲ ਵੱਲਂ ਕਥਾ ਕੀਰਤਨ ਰਾਹੀਂ ਗੁਰਬਾਣੀ ਵਿਚਾਰਾਂ ਕੀਤੀਆਂ ਗਈਆਂ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸ੍ਰ. ਹਰਦੇਵ ਸਿੰਘ ਸੇਖੋਂ ਵੱਲੋਂ ਸਕੂਲ ਦੀਆਂ ਪ੍ਰਾਪਤੀਆਂ ਸੰਬੰਧੀ ਚਾਨਣਾ ਪਾਉਂਦੇ ਦੱਸਿਆ ਗਿਆ ਕਿ ਪਿਛਲੇ ਸਾਲ ਬਾਰ੍ਹਵੀਂ ਜਮਾਤ ਸਾਇੰਸ ਗਰੁੱਪ ਵਿੱਚੋਂ 96 ਪ੍ਰਤੀਸ਼ਤ ਬੱਚੇ ਪਾਸ ਹੋਏ ਅਤੇ 2 ਬੱਚਿਆਂ ਦੀ ਮੈਰਿਟ ਆਈ। ਕਾਮਰਸ ਗਰੁੱਪ ਵਿੱਚੋਂ 90 ਪ੍ਰਤੀਸ਼ਤ ਆਰਟਸ 'ਚੋਂ 9.13 ਪ੍ਰਤੀਸ਼ਤ, 10ਵੀਂ 'ਚੋਂ 99 ਪ੍ਰਤੀਸ਼ਤ, ਅੱਠਵੀਂ 'ਚੋਂ 81.65 ਪ੍ਰਤੀਸ਼ਤ ਬੱਚੇ ਪਾਸ ਹੋਏ, 2 ਮੈਰਿਟਾਂ ਆਈਆਂ। ਸ੍ਰ. ਸੇਖੋਂ ਨੇ ਦੱਸਿਆ ਕਿ ਪਿਛਲੇ ਸਾਲ ਤੋਂ 3 ਬੱਚੇ ਬੀ.ਡੀ.ਐੱਸ. ਅਤੇ ਇੱਕ ਬੱਚਾ ਐੱਮ.ਬੀ.ਬੀ.ਐੱਸ. ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ 50 ਬੱਚੇ ਇਸ ਸਕੂਲ 'ਚੋਂ ਪੜ੍ਹ ਕੇ ਵਧੀਆ ਇੰਜੀਨੀਅਰਿੰਗ ਕਾਲਜਾਂ 'ਚ ਦਾਖਲਾ ਲੈ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦਾ ਸਾਰਾ ਰਿਕਾਰਡ ਕੰਪਿਰੀਰਾਈਜ਼ਡ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਗਲੇ ਦੋ ਮਹੀਨਿਆਂ ਤੱਕ ਬੱਚਿਆਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਜਿੰਮ ਬਣਾਇਆ ਜਾਵੇਗਾ। ਪ੍ਰੋ. ਦਰਸ਼ਨ ਸਿੰਘ ਨੇ ਬੱਚਿਆਂ ਨੂੰ ਆਪਣੇ ਵੱਲੋਂ ਪੜ੍ਹਾਈ ਵਿੱਚ ਚੰਗੀ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ ਅੰਤ ਵਿੱਚ ਸਕੂਲ ਦੇ ਮੈਨੇਜਰ ਸ੍ਰ. ਹਰਭਜਨ ਸਿੰਘ ਛਪਾਰ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਕੀਰਤਨੀ ਜੱਥੇ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਹਰਦੇਵ ਸਿੰਘ ਸੇਖੋਂ, ਪ੍ਰਿੰਸੀਪਲ ਮੈਡਮ ਭੁਪਿੰਦਰ ਕੌਰ, ਮੈਨੇਜਰ ਹਰਭਜਨ ਸਿੰਘ, ਸੈਕਟਰੀ ਗੁਰਮੀਤ ਸਿੰਘ ਪ੍ਰਧਾਨ ਗੁਰਮੇਲ ਸਿੰਘ, ਪ੍ਰਿੰਸੀਪਲ ਮੈਡਮ ਗੁਰਸ਼ਰਨ ਕੌਰ, ਮਰਕੀਟ ਕਮੇਟੀ ਦੇ ਉਪ ਚੇਅਰਮੈਨ ਕੁਲਦੀਪ ਸਿੰਘ ਕੜਵਲ, ਕ੍ਰਿਸ਼ਨ ਸਿੰਘ ਰਾਜੜ, ਸਰਬਜੀਤ ਸਿੰਘ ਪੰਚ ਛਪਾਰ, ਕਰਨਲ ਤੇਜਵੰਤ ਸਿੰਘ, ਕੁਲਵੰਤ ਸਿੰਘ ਛਪਾਰ, ਗੋਪਾਲ ਸਿੰਘ, ਮਾਸਟਰ ਹਰਜੀਤ ਸਿੰਘ ਖੇੜਾ, ਝਲਮਣ ਸਿੰਘ ਬੋਪਾਰਾਏ, ਹਾਕਮ ਸਿੰਘ ਘੁੰਗਰਾਣਾ, ਖੇਮ ਸਿੰਘ, ਡਾ. ਚਰਨਜੀਤ ਸਿੰਘ ਪੰਧੇਰ, ਮਾਸਟਰ ਸੁਰਿੰਦਰ ਸਿੰਘ ਪ੍ਰਦੇਸੀ, ਸਰਪੰਚ ਗੁਰਵਿੰਦਰ ਸਿੰਘ

ਜੀ ਐੱਚ ਜੀ ਸਕੂਲ ਵਿਖੇ ਕੀਰਤਨ ਕਰਦਾ ਹੋਇਆ ਜਥਾ ਤੇ ਸਕੂਲੀ ਬੱਚੇ। ਫੋਟੋ- ਰੂਪੀ ਰਛੀਨ

ਬਿਜਲੀ ਬੋਰਡ ਦੇ ਮੁਲਾਜ਼ਮਾਂ 'ਤੇ ਹਮਲਾ ਕਰਨਾ ਮਹਿੰਗਾ ਪਿਆ

ਭੋਗਪੁਰ, 22 (ਪ.ਪ.) ਪੰਜਾਬ ਰਾਜ ਬਿਜਲੀ ਬੋਰਡ ਦੇ ਭੋਗਪੁਰ ਦੇ ਅਧਿਕਾਰ ਖੇਤਰ ਅਧੀਨ ਆਉਂਦੀ ਪਿੰਡ ਜਫਲ 'ਚ ਬਿਜਲੀ ਚੋਰੀ ਫੜ੍ਹਨ ਗਈ ਟੀਮ 'ਤੇ ਹਮਲਾ ਕਰਕੇ ਕੁਟਮਾਰ ਕਰਨ ਤੇ ਮੋਬਾਇਲ ਫੋਨ ਖੋਹਣ ਦੇ ਮਾਮਲੇ ਨੂੰ ਲੈ ਕੇ ਮੰਡਲ ਭੋਗਪੁਰ ਦੇ ਮੁੱਖ ਦਫ਼ਤਰ ਦੇ ਗੇਟ 'ਤੇ ਨੰ. 1 ਤੇ 2 ਦੇ ਸਾਹਮਣੇ ਸਮੂਹ ਕਰਮਚਾਰੀਆਂ ਨੇ ਧਰਨਾ ਤੇ ਗੇਟ ਰੈਲੀ ਕੀਤੀ। ਇਸ ਰੈਲੀ ਨੂੰ ਇੰਪਲਾਈਜ ਫੈਡਰੇਸ਼ਨ ਐਕਟ, ਇੰਪ. ਫੈਡਰੇਸ਼ਨ ਪੀ. ਐੱਸ. ਈ. ਬੀ. ਟੀ. ਐਸ. ਯੂ. ਅਤੇ ਜੇ. ਈ. ਕੌਂਸਲ ਦੇ ਬੁਲਾਰਿਆਂ ਬਲਵਿੰਦਰ ਸਿੰਘ ਮੰਡਲ ਪ੍ਰਧਾਨ ਸੁੱਚਾ ਮਸੀਹ ਪ੍ਰਧਾਨ, ਗੁਰਸ਼ਰਨ ਸਿੰਘ ਭੱਟੀ ਪ੍ਰਧਾਨ ਸਤਨਾਮ ਸਿੰਘ, ਪਰਮਜੀਤ ਸਿੰਘ ਸਰਕਲ ਪ੍ਰਧਾਨ, ਗੁਰਦੀਪ ਸਿੰਘ, ਬਲਦੇਵ ਸਿੰਘ, ਪਰਮਜੀਤ ਮਾਹੀ, ਸ਼ਾਮ ਲਾਲ ਜਸਵੀਰ ਸਿੰਘ ਖੁੱਡਾ, ਤੇ ਮਨਜਿੰਦਰ ਸਿੰਘ ਨੇ ਸੰਬੋਧਨ ਕੀਤਾ। ਸਾਰੇ ਹੀ ਬੁਲਾਰਿਆਂ ਨੇ ਹੋਏ ਇਸ ਝਗੜੇ ਦੀ ਜ਼ੋਰਦਾਰ ਅਦਾ ਕਰਨ 'ਤੇ ਹੀ ਕੋਈ ਗੱਲ ਕਰਨ ਦੀ ਗੱਲ ਕਹੀ। ਅਖੀਰ ਖਪਤਕਾਰ ਵੱਲੋਂ ਜੁਰਮਾਨਾ 70, 606 ਰੁਪੇ ਅਦਾ ਕਰਨ ਤੋਂ ਬਾਅਦ ਆਪਣੀ ਗਲਤੀ ਦਾ ਅਹਿਸਾਸ ਕਰਨ 'ਤੇ ਇਹ ਮਾਮਲਾ ਮੁੱਕਿਆ।

ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਫਰੀ ਡੈਂਟਲ ਚੈੱਕਅੱਪ ਕੈਂਪ ਦਾ ਆਯੋਜਨ ਕੀਤਾ

ਲੁਧਿਆਣਾ - 22 ਫਰਵਰੀ - ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਵਲੋਂ ਦੰਦਾਂ ਦੀ ਸਿਹਤ ਸੰਭਾਲ ਮੁਹਿੰਮ ਤਹਿਤ ਗੁਰੁਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਮਾਇਆ ਨਗਰ, ਸਿਵਿਲ ਲਾਈਨਜ, ਲੁਧਿਆਣਾ ਵਿਖੇ ਮਿਤੀ 21022010 ਨੂੰ ਦੰਦਾਂ ਦਾ ਫਰੀ ਚੈਕਅੱਪ ਅਤੇ ਚੇਤਨਾ ਕੈਂਪ ਆਯੋਜਿਤ ਕੀਤਾ ਗਿਆ। ਜਿਸ ਵਿੱਚ ਇਲਾਕਾ ਨਿਵਾਸੀਆਂ ਨੇ ਖਾਸ ਤੌਰ ਤੇ ਬਜੁਰਗਾਂ ਨੇ ਆਪਣੇ ਦੰਦਾਂ ਦਾ ਨਰੀਖਣ ਕਰਵਾ ਕੇ ਡੈਂਟਲ ਕੈਂਪ ਦਾ ਲਾਭ ਉਠਾਇਆ। ਡਾ ਡੀਐਸ ਕਲਸੀ, ਪ੍ਰਿੰਸੀਪਲ, ਬੀਜੇਐਸ ਡੈਂਟਲ ਕਾਲਜ ਤੇ ਹਸਪਤਾਲ ਨੇ ਕੈਂਪ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਇਸ ਗੱਲ ਤੇ ਜੋਰ ਦਿੱਤਾ ਕਿ ਅੱਜ ਕਲ ਮਸੂੜਿਆਂ ਦੇ ਰੋਗ ਅਤੇ ਦੰਦਾਂ ਵਿੱਚ ਸੜਨ ਕਰਕੇ ਦੰਦ ਬਹੁਤ ਜਲਦੀ ਖਰਾਬ ਹੋ ਜਾਂਦੇ ਹਨ। ਇਸ ਸਭ ਦਾ ਮੁੱਖ ਕਾਰਨ ਅਜੋਕੇ ਸਮੇਂ ਵਿੱਚ ਉਪਲੱਬਧ ਇਲਾਜ ਸੰਬੰਧੀ ਸਹੂਲਤਾਂ ਬਾਰੇ ਜਾਣਕਾਰੀ ਨਾ ਹੋਣਾ, ਖਾਣ ਪੀਣ ਵਿੱਚ ਆਇਆ ਬਦਲਾਵ, ਦੰਦਾਂ ਦਾ ਸਮੇਂ ਸਮੇਂ ਤੇ ਚੈਕਅੱਪ ਨਾ ਕਰਵਾਉਣਾ ਹਨ। ਇਨ੍ਹਾਂ ਬੀਮਾਰੀਆਂ ਤੋਂ ਬੱਚਣ ਦਾ ਸਭ ਤੋਂ ਸਰਲ ਉਪਾਅ ਹੈ ਪਰਹੇਜ। ਜਿਵੇਂ ਕਿ ਦਿਨ ਵਿੱਚ ਦੋ ਵਾਰ ਬੁਰਸ ਕਰਨਾ, ਪੌਸ਼ਟਿਕ ਭੋਜਨ ਕਰਨਾ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਦੰਦ ਬੱਦਲਣ ਬਾਰੇ ਖਾਸ ਤੌਰ ਤੇ ਕਿਹਾ। ਉਨ੍ਹਾਂ ਕਿਹਾ ਕਿ ਜੇਕਰ ਇੱਕ ਦੰਦ ਨਹੀਂ ਹੈ ਤਾਂ ਨੇੜਲੇ ਦੰਦਾਂ ਤੇ ਕਾਫੀ ਦਬਾਅ ਬਣ ਜਾਂਦਾ ਹੈ ਜਿਸ ਕਰਕੇ ਉਨ੍ਹਾਂ ਦੇ ਟੁੱਟਣ ਜਾਂ ਖਰਾਬ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਮੂੰਹ ਵਿੱਚ ਦੰਦਾਂ ਦੇਂ ਨਾ ਹੋਣ ਕਰਕੇ ਨਾ ਸਿਰਫ ਖਾਣ ਪੀਣ ਵਿੱਚ ਤਕਲੀਫ ਹੁੰਦੀ ਹੈ ਬਲਕਿ ਉਸ ਦੇ ਚਿਹਰੇ ਦੀ ਸੁੰਦਰਤਾ ਅਤੇ ਆਤਮ ਵਿਸ਼ਵਾਸ ਤੇ ਵੀ ਅਸਰ ਪੈਂਦਾ ਹੈ। ਇਸ ਕਰਕੇ ਦੰਦ ਲਗਵਾਉਣਾ ਨਾ ਸਿਰਫ ਮਰੀਜ ਦੇ ਮੂੰਹ ਦੀ ਸਿਹਤ ਅਤੇ ਚਿਹਰੇ ਦੀ ਬਣਾਵਟ ਲਈ ਹੀ ਬਲਕਿ ਉਸ ਦੀ ਸੰਪੂਰਨ ਸਿਹਤ ਲਈ ਬਹੁਤ ਹੀ ਜਰੂਰੀ ਹੈ। ਇਸ ਕੈਂਪ ਵਿੱਚ ਡਾ ਅਸ਼ੀਸ਼ ਕੁਮਾਰ (ਸੀਨੀਅਰ ਲੈਕਚਰਾਰ, ਕੰਮਿਉਨਿਟੀ ਵਿਭਾਗ), ਡਾ ਪ੍ਰੀਤਇੰਦਰ ਸਿੰਘ ਮੌਖਾ ਆਦਿ ਡਾਕਟਰਾਂ ਦੀ ਟੀਮ ਨੇ ਆਧੁਨਿਕ ਉਪਕਰਨਾਂ ਨਾਲ ਲੈਸ ਮੋਬਾਇਲ ਡੈਂਟਲ ਯੂਨਿਟ ਦੀ ਸਹਾਇਤਾ ਨਾਲ ਇਲਾਕਾ ਨਿਵਾਸੀਆਂ ਦੇ ਦੰਦਾਂ ਦੀ ਬਰੀਕੀ ਨਾਲ ਜਾਂਚ ਕੀਤੀ।

7ਵਾਂ ਤਿੰਨ ਰੋਜ਼ਾ ਕਬੱਡੀ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ

ਪਿੰਡ ਘੰਡਾ ਬੰਨਾ ਵਿਖੇ ਖੇਡ ਮੇਲੇ ਦਾ ਪੋਸਟਰ ਰਿਲੀਜ ਕਰਦੇ ਕਲੱਬ ਮੈਂਬਰ। ਫੋਟੋ-ਯਾਦੂ ਭੁੱਲਰ

ਤਪਾ ਮੰਡੀ, 22 ਫਰਵਰੀ (ਯਾਦੂ ਭੁੱਲਰ) ਨੇੜਲੇ ਪਿੰਡ ਘੰਡਾ ਬੰਨਾ ਵਿਖੇ 7ਵਾਂ ਯਾਦਗਾਰੀ ਸੰਤ ਬਾਬਾ ਭਾਈ ਮੇਲਾ ਜੀ ਕਬੱਡੀ ਟੂਰਨਾਮੈਂਟ ਤਿੰਨ ਰੋਜ਼ਾ ਕਰਵਾਇਆ ਜਾ ਰਿਹਾ ਹੈ। ਕਲੱਬ ਦੇ ਮੈਂਬਰਾਂ ਨੇ ਇਸ ਖੇਡ ਮੇਲੇ ਦਾ ਪੋਸਟਰ ਗੀਲਿਜ਼ ਕਰਦੇ ਹੋਏ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਵਿੱਚ ਐੱਨ. ਆਰ. ਆਈ. ਸ. ਜਗਦੀਪ ਸਿੰਘ ਇਟਲੀ ਕਲੱਬ ਪ੍ਰਧਾਨ ਦਾ ਬਹੁਤ ਸਹਿਯੋਗ ਹੈ। ਇਸ ਮੇਲੇ ਵਿੱਚ ਕਬੱਡੀ ਤੋਂ ਇਲਾਵਾ ਹੋਰ ਦਿਲਕਸ ਖੇਡਾਂ ਤੇ ਨਜ਼ਾਰੇ ਵੀ ਦਰਸ਼ਕ ਨੂੰ ਦੇਖਣ ਨੂੰ ਮਿਲੇ। ਇਸ ਮੌਕੇ ਕਈ ਰਾਜਨੀਤਿਕ ਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਵਾਲਿਆਂ ਕਈ ਸਖ਼ਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

ਪੈਨਸ਼ਨਰਾਂ ਵੱਲੋਂ ਰੋਸ ਮੁਜ਼ਾਹਰਾ 5 ਮਾਰਚ ਨੂੰ

ਲੈਂਡ ਮਾਰਗੇਜ਼ ਬੈਕ ਦੇ ਸ਼ਰਪ੍ਰਸਤ ਰਮੇਸ਼ ਸੁਕਲਾ ਸੰਬੋਧਨ ਕਰਦੇ ਹੋਏ

ਕੁਹਾੜਾ 22 ਫ਼ਰਵਰੀ (ਗੁਰਨਾਮ) ਲੈਂਡ ਮਾਰਗੇਜ਼ ਬੈਂਕ ਵਿੱਚੋ ਜਿਲ੍ਹਾ ਲੁਧਿਆਣਾ ਦੇ ਸੇਵਾ ਮੁਕਤ ਹੋਏ ਕਰਮਚਾਰੀਆਂ ਦੀ ਇੱਕ ਮੀਟਿੰਗ ਕੁਹਾੜਾ ਵਿਖੇ ਹੋਈ। ਮੀਟਿੰਗ ਵਿੱਚ ਸ਼ਾਮਲ ਹੋਣ ਵਾਲਿਆਂ ਨੇ ਸਰਕਾਰ ਦੀ ਇਸ ਗੱਲੋ ਸਖਤ ਨਿਖੇਧੀ ਕੀਤੀ ਕਿ ਸਰਕਾਰ ਨੇ ਅਪ੍ਰੈਲ 1989 ਤੋਂ ਲਾਗੂ ਪੈਨਸ਼ਨ ਨੂੰ ਦਸੰਬਰ 2009 ਵਿੱਚ ਬੰਦ ਕਰਕੇ, ਉਹਨਾਂ ਨਾਲ ਇੱਕ ਵੱਡਾ ਧੋਖਾ ਕੀਤਾ ਹੈ ਅਤੇ ਉਹਨਾਂ ਦੀ ਸੇਵਾ ਮੁਕਤੀ ਵਾਲੇ ਜੀਵਨ ਲਈ ਪ੍ਰੇਸ਼ਾਨੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਭਰ ਚੋ ਅਜਿਹੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਵਾਲੇ ਲੈਂਡ ਮਾਰਗੇਜ਼ ਦੇ ਪੈਨਸ਼ਨਰਾਂ ਵੱਲੋ 5 ਮਾਰਚ ਨੂੰ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਵਿੱਚ ਕਾਲੇ ਚੋਲੇ ਪਾ ਕੇ ਜਿਹੜਾ ਰੋਸ ਮੁਜਾਹਰਾ ਕੀਤਾ ਜਾਣਾ ਹੈ। ਉਸ ਵਿੱਚ ਲੁਧਿਆਣਾ ਜਿਲ੍ਹੇ ਦੇ ਸੇਵਾ ਮੁਕਤ ਕਰਮਚਾਰੀ ਵੱਧ ਤੋ ਵੱਧ ਗਿਣਤੀ ਵਿੱਚ ਸ਼ਾਮਲ ਹੋਣਗੇ। ਮੀਟਿੰਗ ਵਿੱਚ ਭੁੱਖੇ ਨਾ ਮਾਰੋ, ਭਾਵੇਂ ਸਾਨੂੰ ਗੋਲੀ ਮਾਰੋ।" ਮੀਟਿੰਗ ਵਿੱਚ ਸ੍ਰੀ ਰਮੇਸ਼ ਸੁਕਲਾ ਸਰਪ੍ਰਸਤ, ਪ੍ਰਕਾਸ਼ ਸਿੰਘ ਕੌੜਾ ਜਿਲ੍ਹਾ ਪ੍ਰਧਾਨ, ਰਛਪਾਲ ਸਿੰਘ ਮਾਂਗਟ, ਹਰਮਿੰਦਰ ਸਿੰਘ ਬਰਮਾਲੀਪੁਰ, ਭਜਨ ਸਿੰਘ ਰਾਏਕੋਟ, ਅਮਰਜੀਤ ਸਿੰਘ ਜਗਰਾਂਉ, ਉਂਕਾਰ ਸਿੰਘ ਜਗਰਾਉਂ, ਇੰਦਰ ਸਿੰਘ ਜਿਲ੍ਹਾ ਮੀਤ ਪ੍ਰਧਾਨ, ਅਜੀਤ ਸਿੰਘ ਸਾਹਨੇਵਾਲ, ਕਰਮਜੀਤ ਸਿੰਘ ਕਮੇਟੀ ਮੈਂਬਰ, ਸੋਹਨ ਸਿੰਘ ਜਗਰਾਉਂ, ਦਾਤਾਰ ਸਿੰਘ ਲੁਧਿਆਣਾ, ਗੁਰਸੇਵਕ ਸਿੰਘ ਰਾਏਕੋਟ ਅਵਤਾਰ ਸਿੰਘ ਜਗਰਾਉਂ, ਮੇਹਰ ਸਿੰਘ ਜਗਰਾਉਂ, ਗੁਰਮੇਲ ਸਿੰਘ ਰਾਏ, ਹਾਜ਼ਰ ਹੋ ਕੇ ਆਪਣੇ ਆਪਣੇ

ਵਿਦਿਅਕ ਮੁਕਾਬਲੇ ਕਰਵਾਏ

ਭਦੌੜ, 22 ਫਰਵਰੀ (ਸੁਰਿੰਦਰ ਬੱਤਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਭਦੌੜ ਵਿਖੇ ਕੂਕਾ ਲਹਿਰ ਦੇ ਸੰਸਥਾਪਕ ਬਾਬਾ ਰਾਮ ਸਿੰਘ ਕੂਕਾ ਦੀ ਯਾਦ ਨੂੰ ਸਮਰਪਿਤ ਇੱਕ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਚਾਰਟ, ਭਾਸ਼ਣ, ਕਵਿਤਾ ਅਤੇ ਗੀਤ ਮੁਕਾਬਲੇ ਵੀ ਕਰਵਾਏ। ਇਨ੍ਹਾਂ ਵਿੱਚ ਪਹਿਲੇ ਦੂਸਰੇ ਤੇ ਤੀਸਰੇ ਸਥਾਨ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਦੇ ਕੇ ਨਿਵਾਜਿਆ ਗਿਆ। ਜੱਜਾਂ ਦੀ ਭੂਮਿਕਾ ਸ੍ਰੀਮਤੀ ਚਰਨਜੀਤ ਕੌਰ, ਅਮਨਦੀਪ ਕੌਰ ਨੇ ਨਿਭਾਈ। ਹਰਬੰਸ ਸਿੰਘ ਸੇਖੋਂ ਨੇ ਬਾਬਾ ਜੀ ਦੇ ਜੀਵਨ ਬਾਰੇ ਦੱਸਿਆ।

ਪੇਂਡੂ ਸਿਹਤ ਕਮੇਟੀ ਦੀ ਬੈਠਕ 'ਚ ਕੌਮੀ ਪ੍ਰੀਖਿਆਵਾਂ ਨੂੰ ਨੇਪਰੇ ਚਾੜ੍ਹਨ ਲਈ ਚਰਚਾ

ਨੂਰਪੁਰ ਬੇਦੀ, 22 ਫਰਵਰੀ (ਜਗਦੀਪ ਸ਼ਰਮਾ)-ਬਲਾਕ ਨੂਰਪੁਰ ਬੇਦੀ ਦੀ ਪ੍ਰਸਿੱਧ ਸੰਸਥਾ ਰੂਰਲ ਐਸੋਸੀਏਸ਼ਨ ਫਾਰ ਹਿਊਮਨ ਇਨਟਰੱਸਟ ਵੱਲੋਂ ਸੁਸਾਇਟੀ ਫਾਰ ਸਰਵਿਸ ਨੂੰ ਵਲੰਟੀਅਰ ਏਜੰਸੀ ਨਾਰਥ ਦੀ ਸਹਾਇਤਾ ਨਾਲ ਚਲਾਏ ਜਾ ਰਹੇ ਆਰ.ਸੀ.ਐੱਚ-1 ਪ੍ਰੇਰਨਾ ਤਹਿਤ ਬਲਾਕ ਦੇ ਪਿੰਡ ਕਲਵਾ ਵਿਖੇ ਪੇਂਡੂ ਸਿਹਤ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ। ਇਸ ਵਿੱਚ ਸਰਕਾਰ ਦੀਆਂ ਹਦਾਇਤਾਂ ਤਹਿਤ ਕੌਮੀ ਪ੍ਰਕ੍ਰਿਆ ਨੂੰ ਨੇਪਰੇ ਚਾੜ੍ਹਨ ਲਈ ਅਲੱਗ-ਅਲੱਗ ਮੁੱਦਿਆਂ 'ਤੇ ਵਿਚਾਰ ਕੀਤਾ। ਸਿਹਤ ਕਮੇਟੀ ਦੇ ਮੈਂਬਰਾਂ ਨੇ ਪਿੰਡ ਦੀ ਸਾਫ ਸਫਾਈ, ਸੈਨੀਟੇਸ਼ਨ ਦੇ ਕੰਮਾਂ ਅਤੇ ਪਿੰਡ ਦੇ ਹੋਰਨਾਂ ਕੰਮਾਂ ਤੋਂ ਇਲਾਵਾ ਸਰਕਾਰ ਤੋਂ ਆਈਆਂ ਗਰਾਂਟਾਂ ਦਾ ਸਹੀ ਉਪਯੋਗ ਸੰਬੰਧੀ ਵਿਚਾਰ ਕੀਤਾ ਗਿਆ ਅਤੇ ਪਿੰਡ ਦੀਆਂ ਔਰਤਾਂ ਦੇ ਕਈ ਸਿਹਤ ਸਹੂਲਤਾਂ, ਟੀ.ਟੀ. ਟੀਕੇ ਲਗਾਉਣੇ, ਕੋਟੀਨੈਂਟਲ ਚੈੱਕਅੱਪ ਕਰਾਉਣ ਦੇ ਕੰਮ ਨੂੰ ਸਹੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਜ਼ੋਰ ਦਿੱਤਾ। ਪਿੰਡ ਵਾਸੀਆਂ ਨੂੰ ਇਸ ਦੇ ਲਈ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਕਿਹਾ ਅਤੇ ਇੱਕ ਮੁਹਿੰਮ ਦੇ ਤਹਿਤ ਕਰਨ ਲਈ ਪ੍ਰੇਰਨਾ ਦਿੱਤੀ। ਇਸ ਮੌਕੇ 'ਤੇ ਚੇਅਰਮੈਨ ਤੇ ਸਮਿਤੀ ਇਕਬਾਲ ਸਿੰਘ, ਆਸ਼ਾ ਵਰਕਰ ਵਿਜੇ ਕੁਮਾਰੀ, ਅਨੀਸ਼ਾ ਆਦਿ ਹਾਜ਼ਰ ਸਨ।

ਜਾਗਰੂਕਤਾ ਕੈਂਪਾਂ ਸਬੰਧੀ ਲੋਕਾਂ ਨੂੰ ਪਹਿਲਾ ਸੂਚਨਾ ਦਿੱਤੀ ਜਾਵੇ

ਨੂਰਪੁਰ ਬੇਦੀ, 22 ਫਰਵਰੀ (ਜਗਦੀਪ ਸ਼ਰਮਾ)-ਆਏ ਦਿਨ ਸਰਕਾਰ ਵੱਲੋਂ ਅਲੱਗ-ਅਲੱਗ ਬਿਮਾਰੀਆਂ ਦੇ ਬਚਾਓ, ਲੱਛਣ, ਇਲਾਜ ਦੀ ਜਾਣਕਾਰੀ ਦੇਣ ਲਈ ਸਿਹਤ ਵਿਭਾਗ ਵੱਲੋਂ ਪਿੰਡ-ਪਿੰਡ ਵਿੱਚ ਜਾਗਰੂਕਤਾ ਕੈਂਪ ਤਾਂ ਲਾਏ ਜਾਂਦੇ ਹਨ, ਪਰ ਪਿੰਡਾਂ ਵਿੱਚ ਜਾਗਰੂਕਤਾ ਨਾ ਹੋਣ ਦੇ ਕਾਰਨ ਇਹ ਬਿਮਾਰੀਆਂ ਜਿਵੇਂ ਕਿ ਟਿਊਮਰ ਕਲੋਸਿਸ (ਟੀ.ਵੀ.) ਐੱਚ.ਆਈ.ਵੀ., ਏਡਜ਼ ਵਰਗੀਆਂ ਭਿਆਨਕ ਬਿਮਾਰੀ ਭਾਰਤ ਵਰਗੇ ਦੇਸ਼ ਵਿੱਚ ਆਪਣੇ ਪੈਰ ਫੈਲਾ ਰਹੀਆਂ ਹਨ। ਜਿਸ ਦਾ ਮੁੱਖ ਕਾਰਨ ਕਿ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਕੈਂਪ ਪਹਿਲਾਂ ਸੂਚਨਾ ਜਾਂ ਟਾਇਮ ਉੱਤੇ ਉਚਿਤ ਪ੍ਰਬੰਧਕ ਨਾਲ ਨਹੀਂ ਕੀਤੇ ਜਾਂਦੇ। ਕਿਉਂਕਿ ਇਹ ਕੈਂਪ ਤਾਂ ਹੀ ਸਾਕਾਰ ਹੁੰਦਾ ਹੈ ਜਦੋਂ ਕਿ ਜਿੱਥੇ ਇਹ ਕੈਂਪ ਸਿਹਤ ਵਿਭਾਗ ਲਾਉਂਦਾ ਹੈ, ਉਥੋਂ ਦੇ ਨਾਗਰਿਕਾਂ ਨੂੰ ਪਹਿਲਾ ਸੂਚਨਾ ਨਹੀਂ ਹੁੰਦੀ। ਪਿੰਡਾਂ ਵਿੱਚ ਕਿਸਾਨ, ਪਸ਼ੂ ਪਾਲਕ ਰਹਿੰਦੇ ਹਨ। ਜੋ ਕਿ ਆਪਣੇ ਕੰਮਾਂ ਕਾਰਾਂ ਵਿੱਚ ਹੀ ਰੁੱਝੇ ਰਹਿੰਦੇ ਹਨ। ਉਪਰੋਂ ਸਿਹਤ ਵਿਭਾਗ ਆਪਣਾ ਜਾਗਰੂਕ ਕੈਂਪ ਲਗਾਉਂਦਾ ਹੈ ਤਾਂ ਅੱਧ ਤੋਂ ਜ਼ਿਆਦਾ ਲੋਕਾਂ ਨੂੰ ਇਹ ਹੀ ਪਤਾ ਨਹੀਂ ਹੁੰਦਾ ਕੀ ਪਿੰਡ ਵਿੱਚ ਅੱਜ ਕੋਈ ਕੈਂਪ ਲਗਾਇਆ ਜਾ ਰਿਹਾ ਹੈ। ਪਰ ਜੇਕਰ ਜਾਗਰੂਕ ਕੈਂਪ ਦੀ ਪਹਿਲਾ ਹੀ ਹਫਤਾ 10 ਦਿਨ ਪਹਿਲਾਂ ਜਾਣਕਾਰੀ ਦਿੱਤੀ ਹੋਵੇ ਤਾਂ ਨਾਗਰਿਕ ਆਪਣਾ ਸਮਾਂ ਕੱਢ ਕੇ ਇੱਥੇ ਪਹੁੰਚ ਸਕਣਗੇ ਅਤੇ ਜਾਗਰੂਕ ਨਾਗਰਿਕ ਉਚਿਤ ਜਾਣਕਾਰੀ ਕਾਰਨ ਇਨ੍ਹਾਂ ਭਿਆਨਕ ਬਿਮਾਰੀਆਂ ਤੋਂ ਸੁਰੱਖਿਆ ਅਤੇ ਕੀਮਤੀ ਜ਼ਿੰਦਗੀਆਂ ਸੁਰੱਖਿਅਤ ਰੱਖ ਸਕਣ ਦੇ ਯੋਗ ਬਣਨਗੇ । ਪਰ ਦੇਖਿਆ ਜਾਵੇ ਤਾਂ ਪਿੰਡਾਂ ਵਿੱਚ ਐੱਚ.ਆਈ.ਵੀ. ਜਾਣਕਾਰੀ ਲਈ ਕੈਂਪ ਲਗਾਏ ਜਾਂਦੇ ਹਨ ਤਾਂ ਜ਼ਿਆਦਾ ਤਰ੍ਹਾਂ ਲੋਕਾਂ ਵਿੱਚ ਸ਼ਰਮ ਮਹਿਸੂਸ ਕਰਨ ਜ਼ਿਆਦਾਤਰ ਕੁੜੀਆਂ, ਮੰਡੇ, ਨੌਜਵਾਨ ਬਜ਼ੁਰਗ ਇਸ ਤੋਂ ਮਹਿਰੂਮ ਹੋ ਜਾਂਦੇ ਹਨ। ਇਹ ਨਾ ਸਮਝੀ ਦੇ ਕਾਰਨ ਲੋਕ ਇਸ ਨਾ-ਮੁਰਾਦ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ। ਚਾਹੇ ਏਡਜ਼ ਬਿਮਾਰੀ ਦਾ ਹੁਣ ਤੱਕ ਕੋਈ ਸਫਲ ਇਲਾਜ ਨਹੀਂ ਹੋ ਸਕਿਆ, ਪਰ ਟੀ.ਵੀ. ਦਾ ਡਾਟਸ ਪ੍ਰਨਾਲੀ ਨਾਲ ਸਫਲ ਇਲਾਜ ਕਰਨ ਵਿੱਚ ਸਿਹਤ ਵਿਭਾਗ ਨੂੰ ਕਾਮਯਾਬੀ ਮਿਲ ਗਈ ਹੈ। ਇਸ ਸਿਹਤ ਵਿਭਾਗ ਤੇ ਸਰਕਾਰ ਨੂੰ ਜਾਗਰੂਕ ਕੈਂਪ ਵੱਧ ਤੋਂ ਵੱਧ ਲਾਉਣੇ ਚਾਹੀਦੇ ਹਨ ।

ਯਾਦਵਿੰਦਰਾ ਕਾਲਜ ਵਿੱਚ ਕਰਵਾਇਆ ਗਿਆ ਸੱਭਿਆਚਾਰਕ ਮੇਲਾ

ਤਲਵੰਡੀ ਸਾਬੋ, 22 ਫਰਵਰੀ (ਰਣਜੀਤ ਸਿੰਘ ਰਾਜੂ)-ਸਥਾਨਕ ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ ਦੇ ਥੀਏਟਰ ਵਿੱਚ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਮੇਲੇ ਦਾ ਉਦਘਾਟਨ ਕਾਲਜ ਦੇ ਮੁਖੀ ਡਾ. ਬੂਟਾ ਸਿੰਘ ਨੇ ਕੀਤਾ। ਇਸ ਮੌਕੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਰੁੜਕੀ (ਉਤਰਾਂਚਲ) ਤੋਂ ਆਏ ਡਾ. ਸੱਤਿਯਾ ਪ੍ਰਕਾਸ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਭ ਤੋਂ ਪਹਿਲਾਂ ਕਾਲਜ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਨਾਲ ਸ਼ੁਰੂਆਤ ਕੀਤੀ। ਕਾਲਜ ਦੀਆਂ ਲੜਕੀਆਂ ਨੇ ਵਿਸ਼ੇਸ਼ ਤੌਰ 'ਤੇ ਤਿਆਰ ਕੁੜੀਆਂ ਦਾ ਗਿੱਧਾ ਪੇਸ਼ ਕੀਤਾ। ਉੱਥੇ ਮੁੰਡਿਆਂ ਨੇ ਲੋਕ ਨਾਚ ਭੰਗੜਾ ਪੇਸ਼ ਕਰਕੇ ਵਾਹ-ਵਾਹ ਖੱਟੀ। ਇਸ ਮੌਕੇ ਕਾਲਜ ਦੇ ਸੰਗੀਤ ਜੱਸੀ ਖਾਨ ਨਾਲ ਕੱਵਾਲੀ 'ਦਮਾਦਮ ਮਸਤ ਕਲੰਦਰ' ਪੇਸ਼ ਕਰਕੇ ਪ੍ਰਸ਼ੰਸਾ ਵਟੋਰੀ। ਡਾ. ਹਜ਼ੂਰ ਸਿੰਘ ਨੇ ਪਹੁੰਚੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ। ਕੁੜੀਆਂ ਨੇ ਵੈਸਟਰਨ ਡਾਂਸ ਪੇਸ਼ ਕੀਤਾ।

ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

ਅਮਲੋਹ, 22 ਫਰਵਰੀ (ਵਿਪਨ ਬਾਂਸਲ)- ਨਗਰ ਕੌਂਸਲ ਅਮਲੋਹ ਵੱਲੋਂ ਬੀਤੇ ਦਿਨੀਂ ਸਥਾਨਕ ਬਾਈਪਾਸ ਰੋਡ 'ਤੇ ਸਥਿਤ ਦੁਕਾਨਦਾਰਾ ਨੂੰ ਦਿੱਤੇ ਨੋਟਿਸ ਤੋਂ ਬਾਅਦ ਅੱਜ ਸਹਿਰ ਦੇ ਦੁਕਾਨਦਾਰਾਂ ਨੇ ਰੋਸ ਵਜੋ ਆਪਣੀਆਂ ਦੁਕਾਨਾਂ ਬੰਦ ਕਰਕੇ ਇਥੇ ਨਾਭਾ ਚੌਕ ਵਿੱਚ ਕਰੀਬ ਦੋ ਘੰਟੇ ਆਵਾਜਾਈ ਠੱਪ ਕੀਤੀ ਅਤੇ ਬਾਅਦ ਵਿਚ ਸਹਿਰ ਵਿਚ ਜਲੂਸ ਕੱਢਦੇ ਹੋਏ ਐਸ.ਡੀ.ਐਮ. ਦਫਤਰ ਅੱਗੇ ਗਏ ਜਿਥੇ ਐਸ.ਡੀ.ਐਮ. ਦੇ ਨਾ ਹੋਣ ਕਾਰਣ ਤਹਿਸੀਲਦਾਰ ਸ. ਪ੍ਰਦੀਪ ਸਿੰਘ ਨੂੰ ਮੰਗ ਪੱਤਰ ਦੇ ਕੇ ਦੁਕਾਨਦਾਰਾਂ ਦੇ ਇਹ ਨੋਟਿਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ ਅਤੇ ਚਿਤਾਵਨੀ ਦਿਤੀ ਕਿ; ਜੇਕਰ ਇਹ ਨੋਟਿਸ ਵਾਪਸ ਨਾ ਲਏ ਗਏ ਅਤੇ ਦੁਕਾਨਦਾਰਾਂ ਦੇ ਕਾਰੋਬਾਰ ਖਤਮ ਕਰਨ ਲਈ ਉਨ੍ਹਾਂ ਦੀਆਂ ਦੁਕਾਨਾਂ ਢਾਹੁੰਣ ਦੀ ਕੋਸਿਸ ਕੀਤੀ ਤਾਂ ਸਹਿਰ ਦੇ ਲੋਕ ਇਸਦੇ ਖਿਲਾਫ਼ ਜਬਰਦਰਸਤ ਰੋਸ ਪ੍ਰਗਟ ਕਰਨਗੇ। ਅੱਜ ਦੇ ਇਸ ਪ੍ਰੋਗਰਾਮ ਵਿਚ ਅਮਲੋਹ ਹਲਕੇ ਦੇ ਵਿਧਾਇਕ ਸ੍ਰੀ ਸਾਧੂ ਸਿੰਘ ਧਰਮਸੋਤ, ਪ੍ਰਦੇਸ਼ ਕਾਂਗਰਸ ਦੇ ਸਕੱਤਰ ਅਤੇ ਨਗਰ ਕੌਂਸਲ ਦੇ ਮੀਤ ਪ੍ਰਧਾਨ ਜੀਵਨ ਪੁਰੀ, ਕਰਮਚਾਰੀ ਦਲ ਦੇ ਸੂਬਾ ਪ੍ਰਧਾਨ ਕਰਮਜੀਤ ਸਿੰਘ ਭਗੜਾਣਾ, ਸ਼੍ਰੋਮਣੀ ਅਕਾਲੀ ਦਲ ਸਰਕਲ ਸਅਮਲੋਹ ਸ਼ਹਿਰੀ ਦੇ ਪ੍ਰਧਾਨ ਦਰਸ਼ਨ ਸਿੰਘ ਚੀਮਾ, ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਲ ਰਾਜਪਾਲ ਗਰਗ, ਅਮਲੋਹ ਯੂਨਿਟ ਦੇ ਪ੍ਰਧਾਨ ਵਿਨੋਦ ਮਿਤਲ, ਨਗਰ ਕੌਂਸਲ ਦੇ ਪ੍ਰਧਾਨ ਲਾਲ ਚੰਦ ਗਰਗ, ਯੂਥ ਕਾਂਗਰਸ ਦੇ ਅਮਲੋਹ ਬਲਾਕ ਦੇ ਪ੍ਰਧਾਨ ਸੰਜੈ ਸਲਾਨੀ, ਕੌਂਸਲਰ ਬਲਬੀਰ ਸਿੰਘ ਬੀਰਾ, ਹੈਪੀ ਸੇਢਾ, ਵਿਨੈ ਪੁਰੀ, ਦਰਸ਼ਨ ਸਿੰਘ ਔਲਖ, ਬਲਦੇਵ ਸੇਢਾ, ਬਲਜਿੰਦਰ ਸਿੰਘ ਰਾਜਪੂਤ ਸਾਮਲ ਸਨ ਜਿਨ੍ਹਾਂ ਮੰਗ ਕੀਤੀ ਕਿ ਸਹਿਰ ਦੇ ਲੋਕਾਂ ਨੂੰ ਘਰੋ ਬੇਘਰ ਨਾ ਕੀਤਾ ਜਾਵੇ। ਇਸ ਸੰਬੰਧੀ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਸ. ਸੁਰਜੀਤ ਸਿੰਘ ਨਾਲ ਸੰਪਰਕ ਕਰਨ ਤੇ ਉਨ੍ਹਾ ਦੱਸਿਆ ਕਿ ਇਹ ਨੋਟਿਸ ਪੰਜਾਬ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਸਰਕਾਰ ਦੇ ਆਦੇਸ਼ ਤੇ ਪੂਰੇ ਪੰਜਾਬ ਅੰਦਰ ਨਗਰ ਕੌਂਸਲ ਵੱਲੋ ਭੇਜੇ ਗਏ ਹਨ।

ਰਾਹੁਲ ਗਾਂਧੀ ਤੇ ਰਵਨੀਤ ਬਿੱਟੂ ਦਾ ਸੁਨੇਹਾ ਘਰ-ਘਰ ਪਹੁੰਚਾਵਾਂਗੇ : ਭਾਮੀਆਂ

ਕੁਹਾੜਾ 22 ਫ਼ਰਵਰੀ (ਗੁਰਨਾਮ) ਦੇਸ਼ ਵਿੱਚ ਕਾਂਗਰਸ ਹੀ ਅਜਿਹੀ ਪਾਰਟੀ ਹੈ ਜਿਸ ਵਿੱਚ ਹਰ ਵਰਗ ਦੇ ਲੋਕਾਂ ਨੂੰ ਨੁਮਾਇੰਦਗੀ ਦਿੰਦੀ ਹੈ ਤੇ ਆਲ ਇੰਡੀਆਂ ਕਾਂਗਰਸ਼ ਆਈ ਦੇ ਜਨਰਲ ਸਕੱਤਰ ਸ੍ਰੀ ਰਾਹੁਲ ਗਾਂਧੀ ਤੇ ਪੰਜਾਬ ਪ੍ਰਦੇਸ਼ ਯੂਥ ਕਾਂਗਰਸ਼ ਦੇ ਪ੍ਰਧਾਨ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਦਾ ਕਾਂਗਰਸ਼ ਪਾਰਟੀ ਦੇ ਯੂਥ ਵਿੰਗ ਵਲੋ ਚਲਾਈ ਗਈ ਮੁਹਿੰਮ 'ਆਮ ਆਦਮੀ ਕਾ ਸਿਪਾਹੀ' ਤਹਿਤ ਨੌਜਵਾਨਾਂ ਨੂੰ ਪਿੰਡਾਂ ਵਿੱਚ ਟੀਮਾਂ ਵਿੱਚ ਵੰਡਿਆਂ ਜਾਵੇਗਾ ਤਾਂ ਜੋ ਉਹ ਸਮਾਜ ਦੀ ਸੇਵਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਸਕਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸ਼ੀ ਆਗੂ ਤੇ ਸਾਬਕਾ ਬਲਾਕ ਸੰਮਤੀ ਮੈਂਰ ਮਨਜਿੰਦਰ ਸਿੰਘ ਭਾਮੀਆਂ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸ਼੍ਰੀ ਮਨਜਿੰਦਰ ਸਿੰਘ ਭਾਮੀਆਂ ਨੇ ਕਿਹਾ ਕਿ 'ਆਮ ਆਦਮੀ ਕਾ ਸਿਪਾਹੀ' ਮੁਹਿੰਮ ਤਹਿਤ ਪੰਜਾਬ ਦੇ ਸਾਰੇ ਪਿੰਡਾਂ ਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਪੰਜ ਪੰਜ ਨੌਜਵਾਨ ਭਰਤੀ ਕਰਕੇ 1 ਲੱਖ 70 ਹਜਾਰ ਨੌਜਵਾਨਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾ ਜਿਹਾ ਹੈ ਤਾਂ ਜੋ ਇਨ੍ਹਾਂ ਨੌਜਵਾਨਾਂ ਦੀਆਂ ਟੀਮਾਂ ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ ਦਾ ਸਰਕਾਰੀ ਦਫ਼ਤਰਾਂ ਵਿੱਚ ਹੱਲ ਕਰਵਾ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਮੈਬਰ ਜਗਜੀਤ ਸਿੰਘ ਕਾਕਾ ਸਾਹਾਬਾਨਾ ਦੋਵੇ ਬਲਾਕ ਸੰਮਤੀ ਮੈਬਰ, ਇਕਬਾਲ ਸਿੰਘ ਜੰਡਿਆਲੀ, ਭੁਪਿੰਦਰ ਸਿੰਘ ਕਲਸੀ, ਜਗਜੀਤ ਸਿੰਘ ਪ੍ਰਿਥੀਪੁਰ, ਜਸਪਾਲ ਸਿੰਘ ਗਾਹੀ ਭੈਣੀ, ਜਸਵੰਤ ਸਿੰਘ ਗਰਚਾ, ਸ਼ਮਸ਼ੇਰ ਸਿੰਘ ਸੇਰੀ ਹਾਜਰ ਸਨ।

ਚਮੜੀ ਰੋਗਾਂ ਦਾ ਮੁਫ਼ਤ ਚੈੱਕਅੱਪ ਕੈਂਪ ਆਯੋਜਿਤ

ਕੈਂਪ ਵਿੱਚ ਦਿੱਲੀ ਦੇ ਸੇਵਾ ਨਿਭਾਉਣ ਵਾਲੇ ਡਾਕਟਰਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕਰਦੇ ਹੋਏ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਖੱਤਰੀ ਸਭਾ ਦੇ ਆਗੂ। (ਫੋਟੋ ਐੱਨ.ਪੀ. ਧਵਨ)

ਪਠਾਨਕੋਟ, 22 ਫਰਵਰੀ (ਜਥੇਦਾਰ, ਜੰਡੀਰ)-ਖੱਤਰੀ ਸਭਾ ਵੱਲੋਂ ਇੱਥੇ ਖੱਤਰੀ ਭਵਨ 'ਚ ਲਗਾਇਆ ਗਿਆ ਚਮੜੀ ਦੇ ਰੋਗਾਂ ਦਾ ਦੋ ਰੋਜ਼ਾ ਮੁਫਤ ਚੈੱਕਅੱਪ ਕੈਂਪ ਬੀਤੀ ਸ਼ਾਮ ਨੂੰ ਸਮਾਪਤ ਹੋ ਗਿਆ। ਸਮਾਪਤੀ ਮੌਕੇ ਸ੍ਰੀ ਅਸ਼ਵਨੀ ਸ਼ਰਮਾ ਸੂਬਾ ਪ੍ਰਧਾਨ ਭਾਰਤੀ ਜਨਤਾ ਪਾਰਟੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕੈਂਪ ਵਿੱਚ ਸੇਵਾ ਨਿਭਾਉਣ ਵਾਲੇ ਸਕਿਨ ਇੰਸਟੀਚਿਊਟ ਐਂਡ ਸਕੂਲ ਆਫ ਡਰਮੈਟਾਲੋਜੀ (ਨਵੀਂ ਦਿੱਲੀ) ਦੇ ਡਾਕਟਰਾਂ ਪ੍ਰਤੀਕ, ਡਾ. ਵਿਨੀਸ਼ਾ, ਡਾ. ਅਨੁਪ੍ਰੀਤਾ, ਡਾ. ਫਰਹਾਨ ਅਤੇ ਕੇ.ਐੱਨ. ਨਰਾਇਣਨ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਖੱਤਰੀ ਸਭਾ ਦੇ ਪ੍ਰਧਾਨ ਡਾ. ਓ.ਪੀ. ਵਿੱਗ ਨੇ ਦੱਸਿਆ ਕਿ ਕੈਂਪ ਵਿੱਚ ਕੁੱਲ 528 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਦਵਾਈਆਂ ਦਾ ਖਰਚਾ ਦਿੱਲੀ ਵਾਸੀ ਉੱਘੇ ਦਾਨੀ ਜਵਾਹਰ ਲਾਲ ਮਲਹੋਤਰਾ ਅਤੇ ਖੱਤਰੀ ਸਭਾ ਨੇ ਸਾਂਝੇ ਤੌਰ 'ਤੇ ਦਿੱਤਾ। ਡਾ. ਵਿੱਗ ਨੇ ਕਿਹਾ ਕਿ ਪਿਛਲੇ ਸਾਲ ਵੀ ਦਿੱਲੀ ਦੇ ਇਨ੍ਹਾਂ ਮਾਹਿਰ ਡਾਕਟਰਾਂ ਤੋਂ ਇੱਕ ਦਿਨ ਦਾ ਕੈਂਪ ਲਗਵਾਇਆ ਗਿਆ ਸੀ ਅਤੇ ਇਸ ਵਾਰ ਲੋਕਾਂ ਦੀ ਭਾਰੀ ਮੰਗ ਕਰਕੇ ਇਹ ਕੈਂਪ ਦੋ ਦਿਨ ਦਾ ਲਗਵਾਇਆ ਗਿਆ। ਇਸ ਕੈਂਪ ਵਿੱਚ ਰਜਿਸਟਰੇਸ਼ਨ ਕਰਨ, ਟੈਂਟ ਲਗਵਾਉਣ ਅਤੇ ਮਰੀਜ਼ਾਂ ਲਈ ਚਾਹ, ਪਾਣੀ ਤੇ ਲੰਗਰ ਦੇ ਸਾਰੇ ਪ੍ਰਬੰਧਾਂ ਦਾ ਕੰਮ ਸਭਾ ਦੇ ਆਗੂਆਂ ਸਰਵ ਸ੍ਰੀ ਆਦੇਸ਼ ਸਿਆਲ, ਵਿਜੇ ਪਾਸੀ, ਰਮਨ ਹਾਂਡਾ, ਸ੍ਰੀਮਤੀ ਕਿਰਨ ਕਪੂਰ, ਸ੍ਰੀਮਤੀ ਚਿਤਰਾ ਪੁਰੀ, ਰੋਹਿਤ ਕੋਹਲੀ, ਪ੍ਰਬੋਧ ਪਾਂਧੀ, ਨਰਿੰਦਰ ਬੱਤਰਾ, ਅਵਤਾਰ ਅਬਰੋਲ, ਨਰਿੰਦਰ ਮਹਿੰਦਰੂ, ਬੰਸੀ ਲਾਲ ਸਾਗਰ, ਸ਼ਕਤੀ ਚਾਵਲਾ, ਸੁਸ਼ੀਲ ਮਹਿੰਦਰੂ ਅਤੇ ਸੁਧੀਰ ਪੁਰੀ ਨੇ

ਪਾਲਕਦੀਮ 'ਚ ਮੇਲਾ ਅੱਜ ਤੋਂ

ਅੱਪਰਾ, 22 ਫਰਵਰੀ (ਧਰਮ ਪਾਲ)-ਇੱਥੋਂ ਨਜ਼ਦੀਕੀ ਪਿੰਡ ਪਾਲਕਦੀਮ ਵਿਖੇ ਸਥਿਤ ਬਾਬਾ ਲੱਖ ਦਾਤਾ ਪੰਜ ਪੀਰ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ 23, 24 ਅਤੇ 25 ਫਰਵਰੀ ਨੂੰ ਗੱਦੀ ਨਸ਼ੀਨ ਬਾਬਾ ਆਤਮਾ ਰਾਮ ਚੰਦੜ੍ਹ ਜੀ ਦੀ ਦੇਖ-ਰੇਖ ਹੇਠ ਬਹੁਤ ਧੂਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ, 23 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਆਰੰਭ ਕੀਤੇ ਜਾਣਗੇ, 25 ਫਰਵਰੀ ਨੂੰ ਭੋਗ ਪਾਏ ਜਾਣਗੇ। ਕੀਰਤਨ ਹੋਵੇਗਾ ਉਪਰੰਤ ਅਤੁੱਟ ਲੰਗਰ ਵਰਤਾਇਆ ਜਾਵੇਗਾ। ਇਹ ਜਾਣਕਾਰੀ ਸ਼ਿੰਗਾਰਾ ਸਿੰਘ, ਬਲਬੀਰ ਸਿੰਘ, ਅਵਤਾਰ ਸਿੰਘ, ਧਰਮਿੰਦਰ ਸਿੰਘ, ਰਵਿੰਦਰ ਸਿੰਘ, ਜਗਤਾਰ ਸਿੰਘ, ਫੋਟੋਗ੍ਰਾਫਰ ਉਂਕਾਰ ਸਿੰਘ ਆਦਿ ਮੋਹਤਬਰ ਵਿਅਕਤੀਆਂ ਨੇ ਦਿੱਤੀ।

ਪੰਜਾਬ ਲੀਡਰਲੈਸ਼ ਸੂਬਾ ਬਣ ਚੁੱਕਾ-ਸਤੀਸ਼ ਭਾਰਤੀ

ਜਲੰਧਰ, 22 ਫਰਵਰੀ (ਪ.ਪ.) ਪ੍ਰਭੂ ਯਿਸੂ ਮਸੀਹ ਦੀ ਤਸਵੀਰ ਦੀ ਬੇ-ਅਦਬੀ ਤੋਂ ਉਪਜਿਆ ਵਿਰੁੱਧ ਸਾਬਤ ਕਰਦਾ ਹੈ ਕਿ ਪੰਜਾਬ ਨੇਤਾ-ਰਹਿਤ (ਲੀਡਰਲੈਸ) ਸੂਬਾ ਬਣ ਚੁੱਕਾ ਹੈ। ਪੰਜਾਬ ਦੇ ਹਰ ਵਰਗ ਦੇ ਨੌਜਵਾਨਾਂ ਵਿੱਚ ਸਰਕਾਰ ਦੀਆਂ ਪੱਖਪਾਤੀ ਨੀਤੀਆਂ ਕਾਰਣ ਪਹਿਲਾਂ ਹੀ ਐਨਾ ਗੁੱਸਾ ਹੁੰਦਾ ਹੈ ਕਿ ਜਦੋਂ ਵੀ ਕੋਈ ਘਟਨਾ ਵਾਪਰਦੀ ਹੈ ਤਾਂ ਸਮੁੱਚਾ ਸੂਬਾ ਤੇ ਸਮਾਜ ਇਸ ਦੀ ਲਪੇਟ ਵਿੱਚ ਆ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ ਦੇ ਕਨਵਾਰ ਸ੍ਰੀ ਸਤੀਸ਼ ਕੁਮਾਰ ਭਾਰਤੀ ਨੇ ਬਟਾਲਾ ਵਿੱਚ ਤੇਜ਼ੀ ਨਾਲ ਫੈਲੀ ਫਿਰਕੂ ਹਿੰਸਾ ਤੇ ਚਿੰਤਾ ਦਾ ਜ਼ਾਹਿਰ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਪੰਜਾਬ ਦਾ ਮੁੱਖ ਮੰਤਰੀ ਸਿਰਫ਼ ਇੱਕ ਸਮੁਦਾਏ ਦੇ ਹਿੱਤਾਂ ਦੀ ਰਾਖੀ ਕਰਦਾ ਹੈ ਜਿਸ ਨਾਲ ਦੂਜੇ ਭਾਈਚਾਰਿਆਂ ਵਿੱਚ ਬੇਚੈਨੀ ਫੈਲੀ ਹੋਈ ਹੈ। ਜਿਸ ਦਾ ਨਤੀਜਾ ਇਹ ਹੈ ਕਿ ਪੰਜਾਬ ਹਰ ਘਟਨਾ ਤੋਂ ਬਾਅਦ ਭਿਆਨਕ ਸਥਿਤੀ ਵਿੱਚ ਚਲਾ ਜਾਂਦਾ ਹੈ ਜਿਸ ਨਾਲ ਆਮ ਜੀਵਨ ਹੀ ਰੁੱਕ ਜਾਂਦਾ ਹੈ। ਪੰਜਾਬ ਦਾ ਨੌਜਵਾਨ ਬੇਰੁਜ਼ਗਾਰ ਤੇ ਦਿਸ਼ਾਹੀਣ ਹੋ ਚੁੱਕਾ ਹੈ। ਜਿਸ ਸਦਕਾ ਉਹ ਸਾੜ-ਫੂਕ , ਹਿੰਸਾ, ਲੁੱਟ-ਖੋਹ ਤੇ ਨਸ਼ੇ ਵਰਗੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੈ। ਅੱਜ ਲੋੜ ਹੈ ਇਨ੍ਹਾਂ ਬਿਮਾਰੀਆਂ ਨੂੰ ਖ਼ਤਮ ਕਰਨ ਦੀ , ਨਹੀਂ ਤਾਂ ਪੰਜਾਬ ਤੇ ਪੰਜਾਬੀ ਬਹੁਤ ਪੱਛੜ ਜਾਣਗੇ।

ਭਾਰਤੀ ਕ੍ਰਿਕਟ ਟੀਮ 24 ਨੂੰ ਕਾਨ੍ਹਪੁਰ ਜ਼ੌਹਰ ਵਿਖਾਵੇਗਾ

ਹੁਸ਼ਿਆਰਪੁਰ, 22 ਫਰਵਰੀ (ਕੁਲਦੀਪ ਸਿੰਘ ਪੱਟੀ)-ਭਾਰਤੀ ਦੀ ਕ੍ਰਿਕਟ ਟੀਮ ਕਪਤਾਨ ਮਹਿੰਦਰ ਸਿੰਘ ਧੋਨੀ ਦੀ ਕਪਤਾਨੀ ਹੇਠ ਜੋ ਕਿ ਜੈਪੁਰ ਵਾਲਾ ਪਹਿਲਾ ਵੱਕਾਰੀ ਇੱਕ ਰੋਜ਼ਾ ਕ੍ਰਿਕਟ ਮੈਚ ਸਿਰਫ ਇੱਕ ਦੌੜ ਨਾਲ ਜਿੱਤ ਕੇ 21 ਫਰਵਰੀ ਦੀ ਰਾਤ ਨੂੰ ਜੇਤੂ ਜਸ਼ਨ ਮਨਾ ਚੁੱਕੀ ਹੈ। ਦੱਖਣੀ-ਅਫਰੀਕਾ ਦੀ ਕ੍ਰਿਕਟ ਟੀਮ ਨਾਲ 24 ਫਰਵਰੀ ਨੂੰ ਦੂਜਾ ਮੈਚ ਵੀ ਜਿੱਤਣ ਲਈ ਵਧੇਰੇ ਸੰਘਰਸ਼ੀ ਤਕਨੀਕੀ ਦਾਅ ਪੇਚ ਵਰਤੇਗੀ। ਕਿਉਂਕਿ ਉਸ ਮੈਚ ਵਿੱਚ ਹਰਫਨ ਮੌਲਾ ਗੇਂਦਬਾਜ਼ ਹਰਭਜਨ ਸਿੰਘ ਭੱਜੀ ਜਲੰਧਰ ਵਿਖੇ ਭੈਣ ਦੇ ਵਿਆਹ ਤੋਂ ਫੁਰਸਤ ਹੋ ਕੇ ਬੁਲੰਦ ਹੌਂਸਲੇ ਨਾਲ ਖੇਡੇਗਾ।

ਕੁਹਾੜਾ ਤੋਂ ਛੇ ਪਿੰਡਾਂ ਲਈ ਸਿੱਖਿਆ ਚੇਤਨਾ ਰੈਲੀ ਰਵਾਨਾ

ਕੁਹਾੜਾ 22 ਫ਼ਰਵਰੀ (ਗੁਰਨਾਮ) ਸਰਵ ਸਿੱਖਿਆ ਅਭਿਆਨ ਜੋ ਕੇਂਦਰ ਸਰਕਾਰ ਵਲੋ ਹਰ ਇੱਕ ਨੂੰ ਪੜ੍ਹਾਉਣ ਲਈ ਸ਼ੁਰੂ ਕੀਤੀ ਯੋਜਨਾ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਕੁਹਾੜਾ ਤੋ ਸਿੱਖਿਆ ਚੇਤਨਾ ਰੈਲੀ ਰਵਾਨਾ ਕੀਤੀ ਗਈ। ਜੋ ਸੈਂਟਰ ਸਕੂਲ ਨਾਲ ਜੁੜੇ, ਪਾਂਗਲੀਆਂ, ਹੀਰਾਂ,ਛੰਦੜਾਂ,ਕਟਾਣੀ ਕਲਾਂ ਤੇ ਕਟਾਣੀ ਖੁਰਦ ਪਿੰਡ ਵਿੱਚ ਹੋ ਕੇ ਜਾਵੇਗੀ। ਇਸ ਰੈਲੀ ਨੂੰ ਕੁਹਾੜਾ ਦੇ ਸਰਪੰਚ ਤੇਜ ਸਿੰਘ ਗਰਚਾ, ਸਕੂਲ ਦੇ ਮੁੱਖੀ ਸ਼੍ਰੀਮਤੀ ਰੁਪਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਲੱਡੂ ਵੰਡ ਕੇ ਰਵਾਨਾ ਕੀਤਾ। ਇਸ ਸਮੇਂ ਵਿਦਿਆਰਥੀਆਂ ਨੇ ਆਪਣੇ ਹੱਥਾਂ 'ਚ ਵੱਖ ਵੱਖ ਤੱਖਤੀਆਂ ਦੇ ਜੋ ਨਾਅਰੇ ਲਿੱਖੇ ਹੋਏ ਸਨ।" ਪਪਾ ਜੀ ਨਾ ਪੀਉ ਸ਼ਰਾਬ ਮੈਨੂੰ ਲੈ ਦਿਉ ਇੱਕ ਕਿਤਾਬ।" ਖੇਡਾਂ ਨਾਲ ਪੜ੍ਹਾਵਾਂਗੇ, ਅਨਪੜ੍ਹਤਾ ਦੂਰ ਭਜਾਵਾਂਗੇ। ਸਰਵ ਸਿੱਖਿਆ ਅਭਿਆਨ, ਵਿਦਿਆ ਲਈ ਇੱਕ ਵੱਡਾ ਦਾਨ" ਦੇ ਨਾਅਰੇ ਵਿਦਿਆਰਥੀ ਲਾ ਰਹੇ ਸਨ। ਰੈਲੀ ਨੂੰ ਰਵਾਨਾ ਕਰਨ ਮੌਕੇ ਗੁਰਦੀਪ ਸਿੰਘ ਗਰਚਾ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਬੰਤ ਸਿੰਘ, ਸਰਕਾਰੀ ਹਾਈ ਸਕੂਲ ਕੁਹਾੜਾ ਦੇ ਮੁੱਖੀ ਸ਼੍ਰੀਮਤੀ ਅਮਿਤਾ, ਪਵਿੱਤਰ ਭੱਟੀ, ਬੀ.ਐਮ.ਟੀ, ਸ਼੍ਰੀ ਚੰਦਰ ਮੋਹਨ, ਰੈਨੂੰ ਬਾਲਾ, ਨਰਿੰਦਰ ਸਿੰਘ, ਕੁਲਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ, ਗਿਆਨੀ ਭਜਨ ਸਿੰਘ, ਸ਼੍ਰੀਮਤੀ ਸਤਵੰਤ ਕੌਰ ਤੇ ਅਵਤਾਰ ਸਿੰਘ ਹਾਜਰ ਸਨ।

Marriage Anniversary

ਜੀ. ਐਸ. ਕਾਲੜਾ ਸੀਨੀਅਰ ਪੱਤਰਕਾਰ ਫ਼ਿਰੋਜ਼ਪੁਰ ਛਾਉਣੀ ਨਿਵਾਸੀ ਅਤੇ ਸਰਦਾਰਨੀ ਬਲਵੰਤ ਕੌਰ ਨੇ ਆਪਣੇ ਵਿਆਹ ਦੀ 32ਵੀਂ ਸਾਲ ਗ੍ਰਿਹ ਮਨਾਈ

ਕੰਟੀਨ ਠੇਕੇਦਾਰ ਦੇ ਹੋਏ ਕਤਲ ਦੀ ਗੁੱਥੀ ਸੁਲਝੀ

ਮੰਡੀ ਗੋਬਿੰਦਗੜ੍ਹ, 22 ਫਰਵਰੀ (ਵਿਪਨ ਬਾਂਸਲ)- ਜਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪ੍ਰਮੁੱਖ ਵਿਦਿਅਕ ਅਦਾਰੇ ਚਲਾਉਣ ਵਾਲੇ ਰਿਮਟ ਗਰੁੱਪ ਦੇ ਰਿਮਟ ਪੋਲੀਟੈਕਨਿਕ ਕਾਲਜ ਮੰਡੀ ਗੋਬਿੰਦਗੜ੍ਹ ਵਿਚ 18 ਫਰਵਰੀ ਨੂੰ ਕਾਲਜ ਦੀ ਕੰਟੀਨ ਵਿੱਚ ਕੰਟੀਨ ਠੇਕੇਦਾਰ ਦੇ ਹੋਏ ਅੰਨੇ ਕਤਲ ਦੀ ਗੁੱਥੀ ਨੂੰ ਜਿਲ੍ਹਾ ਫ਼ਤਿਹਗੜ੍ਹ ਸਾਹਿਬ ਪੁਲਿਸ ਨੇ ਸਖਤ ਮਹਿਨਤ ਕਰਕੇ ਸੁਲਝਾਉਂਦੇ ਹੋਏ ਕਾਲਜ ਦੇ ਹੀ ਸੁਰੱਖਿਆ ਗਾਰਡ ਨੂੰ ਗ੍ਰਿਫਤਾਰ ਕਰ ਲਿਆ ਹੈ। ਜਿਸ ਦੇ ਖਿਲਾਫ ਮੁਕੰਦਮਾ ਨੰ: 23, ਧਾਰਾ 302, 34 ਆਈ.ਪੀ.ਸੀ. ਅਧੀਨ ਦਰਜ ਕੀਤਾ ਗਿਆ। ਜ਼ਿਲ੍ਹਾ ਪੁਲਿਸ ਮੁੱਖੀ ਸ. ਗੁਰਪ੍ਰੀਤ ਸਿੰਘ ਗਿੱਲ ਨੇ ਅੱਜ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਿਮਟ ਦੀ ਕਾਲਜ ਵਿੱਚ ਲਗਭਗ ਪਿਛਲੇ ਦੋ ਸਾਲ ਤੋਂ ਕੰਟੀਨ ਚਲਾ ਰਹੇ ਲੁਧਿਆਣਾ ਨਿਵਾਸੀ ਪਵਨ ਕੁਮਾਰ ਦਾ 17 ਅਤੇ 18 ਫਰਵਰੀ ਦੀ ਦਰਮਿਆਨੀ ਰਾਤ ਨੂੰ ਭੇਤਭਰੀ ਹਾਲਤ ਵਿਚ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਕੰਟੀਨ ਵਿੱਚ ਰੋਜ਼ਾਨਾ ਇਕ ਬਰਤਨ ਵਿੱਚ ਪੰਜ ਪੰਜ ਰੁਪਏ ਦੇ ਸਿੱਕੇ ਜੋ ਕਿ ਕਰੀਬ 1,500 ਰੁਪਏ ਹੁੰਦੇ ਸਨ, ਕੰਟੀਨ ਠੇਕੇਦਾਰ ਪਵਨ ਕੁਮਾਰ ਦਾ ਪੁੱਤਰ ਚੰਦਰ ਕਾਂਤ ਰਖ ਕੇ ਰਾਤ ਨੂੰ ਇਸਦੇ ਕਮਰੇ ਨੂੰ ਜਿੰਦਾ ਲਗਾ ਕੇ ਚਲਿਆ ਜਾਦਾ ਸੀ ਪ੍ਰੰਤੂ ਇਹ ਪੈਸੇ ਅਤੇ ਖਾਣ ਪੀਣ ਵਾਲੀਆਂ ਵਸਤਾਂ ਅਕਸਰ ਚੋਰੀ ਹੋਣੀਆਂ ਸ਼ੁਰੂ ਹੋਈਆਂ ਤਾਂ 17 ਫਰਵਰੀ ਨੂੰ ਪਵਨ ਕੁਮਾਰ ਨੇ ਚੋਰ ਨੂੰ ਫੜਨ ਦੇ ਇਰਾਦੇ ਨਾਲ ਕੰਟੀਨ ਦੇ ਅੰਦਰ ਰਾਤ ਰਹਿਣ ਦਾ ਫੈਸਲਾ ਕੀਤਾ। ਪਵਨ ਕੁਮਾਰ ਦਾ ਪੁੱਤਰ ਚੰਦਰ ਕਾਂਤ ਉਸ ਰਾਤ ਨੂੰ ਪਵਨ ਕੁਮਾਰ ਨੂੰ ਕੰਟੀਨ ਦੇ ਅੰਦਰ ਬੰਦ ਕਰਕੇ ਬਾਹਰੋਂ ਜਿੰਦਾ ਲਗਾ ਕੇ ਆਪਣੇ ਘਰ ਚਲਾ ਗਿਆ ਤਾਂ ਕਿ ਚੋਰ ਨੂੰ ਸ਼ੱਕ ਨਾ ਪਵੇ ਕਿ ਅੰਦਰ ਕੋਈ ਹੈ। ਦੂਜੇ ਦਿਨ ਸਵੇਰੇ ਜਦੋਂ ਚੰਦਰ ਕਾਂਤ ਨੇ ਕੰਟੀਨ ਦਾ ਜਿੰਦਾ ਖੋਲ ਕੇ ਅੰਦਰ ਦੇਖਿਆ ਤਾਂ ਉਸਦੇ ਪਿਤਾ ਪਵਨ ਕੁਮਾਰ ਦਾ ਕਿਸੇ ਨੇ ਬੜੀ ਬੇਦਰਦੀ ਨਾਲ ਕਤਲ ਕਰ ਦਿੱਤਾ ਸੀ। ਚੰਦਰ ਕਾਂਤ ਨੇ ਇਸ ਦੀ ਸੂਚਨਾ ਫਤਿਹਗੜ੍ਹ ਸਾਹਿਬ ਪੁਲਿਸ ਅਤੇ ਕਾਲਜ ਮੈਨੇਜਮੈਂਟ ਨੂੰ ਦਿੱਤੀ। ਉਨ੍ਹਾਂ ਦਸਿਆ ਕਿ ਜ਼ਿਲ੍ਹਾ ਪੁਲੀਸ ਵਲੋਂ ਇਸ ਮਾਮਲੇ ਤੇ ਕਾਰਵਾਈ ਕਰਦਿਆਂ ਐਸ.ਪੀ:.ਡੀ. ਪ੍ਰੀਤਮ ਸਿੰਘ ਦੀ ਅੱਗਵਾਈ ਹੇਠ ਡੀ.ਐਸ.ਪੀ. ਫਤਿਹਗੜ੍ਹ ਸਾਹਿਬ ਅਮਰਜੀਤ ਸਿੰਘ ਘੁੰਮਣ, ਥਾਣਾ ਸਰਹਿੰਦ ਦੇ ਮੁੱਖੀ ਹਰਪਾਲ ਸਿੰਘ, ਸੀ.ਆਈ.ਏ. ਸਰਹਿੰਦ ਦੇ ਮੁੱਖੀ ਦਵਿੰਦਰ ਅੱਤਰੀ, ਸੀ.ਆਈ.ਏ. ਮੰਡੀ ਗੋਬਿੰਦਗੜ੍ਹ ਦੇ ਮੁੱਖੀ ਅਸ਼ੋਕ ਕੁਮਾਰ , ਸਪੈਸ਼ਲ ਸੈਲ ਦੇ ਮੁੱਖੀ ਸੁਖਦੇਵ ਸਿੰਘ ਵੱਲੋਂ ਰਿਮਟ ਕਾਲਜ ਵਿੱਚ ਕੰਮ ਕਰਦੇ ਕਰੀਬ ਕਾਲਜ ਨਾਲ ਸੰਬੰਧਤ 1200 ਦੇ ਲਗਭਗ ਵਿਅਕਤੀਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ। ਉਨ੍ਹਾਂ ਦੱਸਿਆ ਕਿ ਜਾਂਚ ਕੀਤੇ ਵਿਅਕਤੀਆਂ ਵਿੱਚ ਕਾਲਜ ਦੇ ਵਿਦਿਆਰਥੀਆਂ, ਕਾਲਜ ਵਿੱਚ ਕੰਮ ਕਰਨ ਵਾਲੀ ਲੇਬਰ, ਸੁਰਖਿਆ ਗਾਰਡਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ । ਇਸ ਜਾਂਚ ਦੌਰਾਨ ਸੁਰਖਿਆ ਗਾਰਡ ਜਗਤਾਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਸਰਹਿੰਦ ਸ਼ਹਿਰ ਨੂੰ ਉਸ ਦੇ ਸਰੀਰ ਤੇ ਲੱਗੇ ਸੱਟਾਂ ਦੇ ਨਿਸ਼ਾਨ ਕਾਰਨ ਉਸ ਨੂੰ ਸੱਟਾਂ ਬਾਰੇ ਪੁੱਛਣ ਤੇ ਉਸ ਨੇ ਕਿਹਾ ਕਿ ਇਹ ਸੱਟਾਂ ਉਸਦੇ ਆਪਣੇ ਘਰ ਕੰਡਿਆਲੀ ਤਾਰ ਲਗਾਉਣ ਦੌਰਾਨ ਲੱਗੀਆਂ ਹਨ ਤਾਂ ਉਸਦੇ ਘਰੇ ਚੈਕ ਕਰਨ ਤੇ ਕੋਈ ਤਾਰ ਬਗੈਰ ਨਹੀਂ ਲੱਗੀ ਹੋਈ ਸੀ। ਜਿਸ ਤੇ ਉਸਨੇ ਮੰਨਿਆ ਕਿ ਉਹ ਇਸ ਕੰਟੀਨ ਵਿੱਚ ਕਰੀਬ 15 ਵਾਰ ਚੋਰੀ ਕਰ ਚੁੱਕਾ ਹੈ। ਕਤਲ ਵਾਲੀ ਰਾਤ ਵੀ ਉਹ ਚੋਰੀ ਦੇ ਇਰਾਦੇ ਨਾਲ ਗਿਆ ਸੀ ਪਰ ਅੰਦਰ ਪਵਨ ਕੁਮਾਰ ਮੌਜੂਦ ਹੋਣ ਕਾਰਨ ਉਸ ਨਾਲ ਹੱਥੋਪਾਈ ਹੋ ਗਈ ਅਤੇ ਪਵਨ ਕੁਮਾਰ ਦੀ ਹੱਥੋਪਾਈ ਦੌਰਾਨ ਮੌਤ ਹੋ ਗਈ। ਜ਼ਿਲ੍ਹਾ ਪੁਲੀਸ ਮੁਖੀ ਨੇ ਦੱਸਿਆ ਕਿ ਇਸ ਕਤਲ ਨੂੰ ਸੁਲਝਾਉਣ ਵਿੱਚ ਕਾਲਜ ਦੀ ਮੈਨੇਜਮੈਂਟ ਖਾਸ ਕਰਕੇ ਕਾਲਜ ਦੇ ਚੈਅਰਮੈਨ ਹੁਕਮ ਚੰਦ ਬਾਂਸਲ ਨੇ ਬਹੁਤ ਸਹਿਯੋਗ ਦਿੱਤਾ। ਐਸ.ਪੀ.ਡੀ. ਸ. ਪ੍ਰੀਤਮ ਸਿੰਘ ਨੇ ਦੱਸਿਆ ਕਿ ਇਸ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਣ ਲਈ ਫ਼ਤਹਿਗੜ੍ਹ ਸਾਹਿਬ ਦੇ ਐਸ ਐਸ ਪੀ ਸ੍ਰੀ ਗੁਰਪ੍ਰੀਤ ਸਿੰਘ ਗਿੱਲ ਨੇ ਉਨ੍ਹਾਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ ਅਤੇ ਸਪੈਸ਼ਲ ਟੀਮ ਗਠਿਤ ਕੀਤੀ ਜੋ ਕਤਲ ਤੋ ਬਾਅਦ ਜਦੋ ਪੁਲਿਸ ਨੇ ਜਾਂਚ ਸ਼ੁਰੂ ਕੀਤੀ ਉਸ ਸਮੇਂ ਤੋ ਲੈ ਕੇ ਕਤਲ ਦੀ ਗੁੱਥੀ ਸੁਲਝਾਉਣ ਤੱਕ ਕਾਲਜ ਵਿੱਚ ਹੀ ਡਟੀ ਰਹੀ। ਉਨ੍ਹਾਂ ਕਿਹਾ ਕਿ ਕਾਲਜ ਦੇ ਵਿਦਿਆਰਥੀਆਂ ਨੇ ਵੀ ਪੁਲਿਸ ਵੱਲੋ ਕੀਤੀ ਬਾਰੀਕੀ ਨਾਲ ਜਾਂਚ ਦੀ ਕਾਫੀ ਸ਼ਲਾਘਾ ਕੀਤੀ ਕਿਉਂਕਿ ਪੁਲਿਸ ਨੇ ਬਿਨ੍ਹਾਂ ਕਿਸੇ ਮਾਰਕੁੱਟ ਤੋ ਪੇਸ਼ੇਵਰ ਢੰਗ ਅਪਣਾਉਂਦੇ ਹੋਏ ਇਹ ਕਤਲ ਕੇਸ ਹੱਲ ਕੀਤਾ। ਉਨ੍ਹਾਂ ਕਿਹਾ ਕਿ ਕਤਲ ਦਾ ਸੁਰਾਗ ਲਗਾਉਣ ਵਾਲੀ ਇਸ ਟੀਮ ਦੇ ਵਿਸ਼ੇਸ਼ ਸਨਮਾਨ ਲਈ ਸਰਕਾਰ ਅਤੇ ਵਿਭਾਗ ਦੇ

ਫ਼ਤਿਹਗੜ੍ਹ ਸਾਹਿਬ ਦੇ ਐਸ.ਐਸ.ਪੀ. ਗੁਰਪ੍ਰੀਤ ਸਿੰਘ ਗਿੱਲ ਆਪਣੇ ਦਫਤਰ ਵਿੱਚ ਪੱਤਰਕਾਰਾਂ ਨੂੰ ਅੰਨ੍ਹੇ ਕੇਸ ਦੀ ਸੁਲਝਾਈ ਗੁੱਥੀ ਬਾਰੇ ਜਾਣਕਾਰੀ ਦੇਂਦੇ ਹੋਏ, ਨਾਲ ਬੈਠੇ ਹਨ ਕਤਲ ਦੀ ਜਾਂਚ ਕਰਨ ਵਾਲੀ ਪੁਲੀਸ ਟੀਮ ਦੇ ਮੈਂਬਰ। ਤਸਵੀਰ: ਭੂਸ਼ਨ ਸੂਦ।